Weekly

# CANADA SIKH TIMES

28 September - 25 October 2025

ਕੈਨੇਡਾ ਸਿੱਖ ਟਾਈਮਜ਼

Volume 3 Issue 39-42

● RELIGION ● CULTURE ● HERITAGE ● BUSINESS

## ਰਾਜਬੀਰ ਕੌਰ ਪਹਿਲੀ ਦਸਤਾਰਧਾਰੀ ਮਹਿਲਾ ਕੈਨੇਡੀਅਨ ਪੁਲੀਸ ਕੈਡਿਟ ਬਣੀ



ਪੰਜਾਬ ਦੀ ਧੀ ਰਾਜਬੀਰ ਕੌਰ ਕੈਨੇਡਾ ਦੀ 'ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ' ਵਿੱਚ ਕੈਡਿਟ ਵਜੋਂ ਭਰਤੀ ਹੋਣ ਵਾਲੀ ਪਹਿਲੀ ਦਸਤਾਰਧਾਰੀ ਮਹਿਲਾ ਬਣ ਗਈ ਹੈ। ਉਸ ਦੀ ਇਸ ਪ੍ਰਾਪਤੀ 'ਤੇ ਪਿੰਡ ਥਾਂਦੇਵਾਲਾ ਵਿੱਚ ਉਸ ਦੇ ਪਿਤਾ ਇਕੱਤਰ ਸਿੰਘ, ਮਾਤਾ ਕੁਲਵਿੰਦਰ ਕੌਰ ਅਤੇ ਭਰਾ ਬੇਅੰਤ ਸਿੰਘ ਤੇ ਪਿੰਡ ਵਾਸੀਆਂ ਵਿੱਚ ਖ਼ੁਸ਼ੀ ਦੀ ਲਹਿਰ ਹੈ। ਬੇਅੰਤ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ ਰਾਜਬੀਰ ਕੌਰ ਦਾ ਪੀ.ਸੀ.ਐੱਸ. ਜਾਂ ਪੀ.ਪੀ.ਐੱਸ. ਅਧਿਕਾਰੀ ਬਣਨ ਦਾ ਸੁਫ਼ਨਾ ਸੀ ਜੋ ਉਸ ਨੇ ਹੁਣ ਕੈਨੇਡਾ ਦੀ ਪੁਲੀਸ ਵਿੱਚ ਭਰਤੀ ਹੋ ਕੇ ਪੂਰਾ ਕੀਤਾ ਹੈ। ਰਾਜਵੀਰ ਕੌਰ ਐੱਮ.ਐੱਸ.ਸੀ. (ਆਈ.ਟੀ.) ਪਾਸ ਹੈ ਅਤੇ 2016 ਵਿੱਚ ਕੈਨੇਡਾ ਗਈ ਸੀ। ਉਸ ਨੇ ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਬੀ.ਸੀ.ਏ. ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਤੋਂ ਅਤੇ ਐੱਮ.ਐੱਸ.ਸੀ. (ਆਈ.ਟੀ.) ਗੁਰੂ ਗੋਬਿੰਦ ਸਿੰਘ ਗਰਲਜ਼ ਕਾਲਜ ਚੰਡੀਗੜ੍ਹ ਤੋਂ ਪ੍ਰਾਪਤ ਕੀਤੀ। ਰਾਜਬੀਰ ਕੌਰ ਨੇ ਕੈਨੇਡਾ ਵਿੱਚ ਵਾਲਮਾਰਟ ਦੀ ਨੌਕਰੀ ਕਰਦਿਆਂ ਨਾਲ-ਨਾਲ ਕੈਨੇਡਾ ਪੁਲੀਸ ਲਈ ਵੀ ਤਿਆਰੀ ਜਾਰੀ ਰੱਖੀ। ਹੁਣ ਉਸ ਨੂੰ ਸਸਕੈਚਵਨ, ਕੈਨੇਡਾ ਵਿੱਚ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਵਿੱਚ ਨੌਕਰੀ ਮਿਲੀ ਹੈ।

## New York City names street after Sri Guru Tegh Bahadur Ji




A street in New York City has been officially renamed in honour of Sri Guru Tegh Bahadur, the ninth Sikh Guru, recognising his legacy of sacrifice, compassion and steadfast defence of human rights. The move is being celebrated by Sikh communities in both the United States and India as a milestone in acknowledging Sikh heritage on a global platform. The intersection of 114th Street and 101st Avenue in Richmond Hill, Queens-home to the historic Gurdwara Makhan Shah Lubana- will now be known as Guru Tegh Bahadur Ji Marg Way. The decision, approved by the New York City Council earlier this year, was formally commemorated during a special renaming ceremony held over the weekend on the eve of Diwali.

## Lieutenant Amanpreet Singh Sidhu Becomes First Sikh Pilot Officer in U.S. Air Force

Lieutenant Amanpreet Singh Sidhu has created history by becoming the first Sikh pilot officer in the U.S. Air Force permitted to serve with his turban and uncut beard. A native of Haryana, India, Sidhu moved to the United States in 2019 and recently graduated from the Officer Training School. His appointment marks a landmark moment for diversity and inclusion within the U.S. military. Before joining the Air Force, Sidhu served in the U.S. Navy as a logistics



specialist, gaining valuable experience that shaped his military career. The U.S. Department of Defense granted him a rare religious accommodation, allowing him to maintain his Sikh articles of faith while in uniform. His achievement not only honors his personal commitment but also opens new doors for Sikh representation in armed forces across the world, inspiring future generations to serve without compromising their identity.

DESH VIDESH

# ਸਿਰੁ ਦੀਜੈ ਕਾਣਿ ਨ ਕੀਜੈ: ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਸੰਦੇਸ਼

- ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਿੱਖ ਇਤਿਹਾਸ ਦੀ ਉਹ ਮਹਾਨ ਸਖ਼ਸ਼ੀਅਤ ਹਨ ਜਿਨ੍ਹਾਂ ਨੇ ਮਨੁੱਖੀ ਹੱਕਾਂ ਅਤੇ ਧਰਮ ਦੀ ਆਜ਼ਾਦੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਉਨ੍ਹਾਂ ਦਾ ਜੀਵਨ ਸਿਰਫ਼ ਸਿੱਖਾਂ ਲਈ ਹੀ ਨਹੀਂ, ਸਗੋਂ ਸਾਰੀ ਮਨੁੱਖਤਾ ਲਈ ਪ੍ਰੇਰਣਾਦਾਇਕ ਹੈ। ਗੁਰੂ ਜੀ ਦਾ ਜਨਮ 1 ਅਪ੍ਰੈਲ 1621 ਨੂੰ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਜੀ ਦੇ ਘਰ ਹੋਇਆ। ਉਹ ਬਾਲ ਅਵਸਥਾ ਤੋਂ ਹੀ ਸ਼ਾਂਤ, ਧਿਆਨ-ਮਗਨ ਅਤੇ ਗਹਿਰੇ ਚਿੰਤਨ ਵਾਲੇ ਸੁਭਾਅ ਦੇ ਮਾਲਿਕ ਸਨ। ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਸਾਨੂੰ ਨਾਮ ਸਿਮਰਨ, ਨਿਰਵੈਰਤਾ, ਨਿਡਰਤਾ, ਤੇ ਸਰਬ ਸਾਂਝੀ ਸੇਵਾ ਦੀਆਂ ਅਮੋਲ ਸਿੱਖਿਆਵਾਂ ਦੀ ਦੱਸ ਪਾਉਂਦਾ ਹੈ।

### ਨਾਮ ਸਿਮਰਨ ਅਤੇ ਪ੍ਰਭੂ-ਪਿਆਰ:

ਗੁਰੂ ਤੇਗ਼ ਬਹਾਦਰ ਜੀ ਨੇ ਮਨੁੱਖੀ ਜੀਵਨ ਦਾ ਕੇਂਦਰ "ਨਾਮ ਸਿਮਰਨ"ਨੂੰ ਦੱਸਿਆ ਹੈ। ਧਿਆਨ ਤੇ ਨਾਮ ਸਿਮਰਨ ਗੁਰੂ ਜੀ ਲਈ ਕੇਵਲ ਧਾਰਮਿਕ ਕਿਰਿਆ ਨਹੀਂ ਸੀ, ਸਗੋਂ ਮਨੁੱਖੀ ਮਨ ਨੂੰ ਵਿਸ਼ਾਲਤਾ, ਦਇਆ ਤੇ ਅਹੰਕਾਰ-ਮੁਕਤੀ ਵੱਲ ਲਿਜਾਣ ਵਾਲਾ ਮਾਰਗ ਸੀ। ਉਨ੍ਹਾਂ ਦਾ ਫੁਰਮਾਣ ਹੈ ਕਿ ਜੋ ਮਨੁੱਖ ਅਹੰਕਾਰ, ਮੋਹ ਤੇ ਮਾਇਆ ਤਿਆਗ ਕੇ ਆਪਣੇ ਮਨ ਨੂੰ ਪ੍ਰਭੂ ਦੇ ਨਾਮ ਸਿਮਰਨ ਜੋੜ ਲੈਂਦਾ ਹੈ, ਉਸ ਦਾ ਚਿੱਤ ਸਾਫ ਅਤੇ ਸ਼ਾਂਤ ਹੋ ਜਾਂਦਾ ਹੈ। ਗੁਰੂ ਜੀ ਦਾ ਕਥਨ ਹੈ: **ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥** (ਮ. 9, ਪੰਨਾ 219)

ਗੁਰੂ ਤੇਗ ਬਹਾਦਰ ਜੀ ਦਾ ਇਹ ਉਪਦੇਸ਼ ਮਨੁੱਖੀ ਜੀਵਨ ਦੀ ਦਿਸ਼ਾ ਤੈਅ ਕਰਦਾ ਹੈ।ਗੁਰੂ ਜੀ ਦਾ ਉਪਦੇਸ਼ ਸਾਫ ਹੈ: ਪਹਿਲਾਂ ਮਨੁੱਖ ਨੂੰ ਆਪਣੀ ਅੰਦਰਲੀ ਮਲੀਨਤਾ, ਹੰਕਾਰ, ਮੋਹ ਤੇ ਮਾਇਆ, ਨੂੰ ਦੂਰ ਕਰਨਾ ਚਾਹੀਦਾ ਹੈ। ਫਿਰ ਉਸ ਖਾਲੀ ਚਿੱਤ ਨੂੰ ਪਰਮਾਤਮਾ ਦੇ ਨਾਮ ਨਾਲ ਭਰਨਾ ਚਾਹੀਦਾ ਹੈ। ਜਦ ਚਿੱਤ ਨਾਮ ਵਿਚ ਲੀਨ ਹੋ ਜਾਂਦਾ ਹੈ, ਤਦ ਜੀਵਨ ਵਿਚ ਅਸਲੀ ਸ਼ਾਂਤੀ, ਗਿਆਨ ਅਤੇ ਅਮਰਤਾ ਪ੍ਰਗਟ ਹੁੰਦੀ ਹੈ।

### ਨਿਡਰਤਾ ਅਤੇ ਸੱਚਾਈ ਲਈ ਕੁਰਬਾਨੀ:

ਗੁਰੂ ਤੇਗ਼ ਬਹਾਦਰ ਜੀ ਦੀ ਸਭ ਤੋਂ ਮਹੱਤਵਪੂਰਨ ਸਿੱਖਿਆ ਹੈ: ਸੱਚ ਤੇ ਮਨੁੱਖੀ ਹੱਕਾਂ ਲਈ ਕੁਰਬਾਨੀ। ਜਦੋਂ ਔਰੰਗਜ਼ੇਬ ਦੇ ਜ਼ੁਲਮ ਹੇਠ ਹਿੰਦੂਆਂ ਨੂੰ ਜਬਰਦਸਤੀ ਇਸਲਾਮ ਕਬੂਲ ਕਰਵਾਇਆ ਜਾ ਰਿਹਾ ਸੀ, ਤਦ ਕਸ਼ਮੀਰੀ ਪੰਡਿਤ ਗੁਰੂ ਜੀ ਕੋਲ ਸਹਾਇਤਾ ਲਈ ਆਏ। ਗੁਰੂ ਜੀ ਨੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣੇ ਜੀਵਨ ਦੀ ਕੁਰਬਾਨੀ ਦੇਣ ਦਾ ਫੈਸਲਾ ਕੀਤਾ। ਉਨ੍ਹਾਂ ਦਾ ਕਥਨ ਹੈ: **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥** (ਮ. 9, ਪੰਨਾ 1427)

ਗੁਰੂ ਜੀ ਦੱਸਦੇ ਹਨ ਕਿ ਜੋ ਮਨੁੱਖ ਸੱਚੇ ਗਿਆਨ ਨਾਲ ਭਰਪੂਰ ਹੈ, ਉਹ ਕਿਸੇ ਉੱਤੇ ਜ਼ੁਲਮ ਨਹੀਂ ਕਰਦਾ, ਕਿਸੇ ਨੂੰ ਡਰਾਉਂਦਾ ਨਹੀਂ। ਉਸ ਦੇ ਅੰਦਰ ਨਾ ਹੰਕਾਰ ਹੈ, ਨਾ ਹੀ ਸੱਤਾ ਦਾ ਮਾਣ। ਗੁਰੂ ਜੀ ਸਾਨੂੰ ਸਿਖਾਉਂਦੇ ਹਨ ਕਿ ਜਦ ਤਕ ਅਸੀਂ ਕਿਸੇ ਤੋਂ ਡਰਦੇ ਰਹਿੰਦੇ ਹਾਂ, ਅਸੀਂ ਮਾਇਆ ਦੇ ਵਸ਼ ਵਿਚ ਹਾਂ। ਅਤੇ ਜਦ ਤਕ ਅਸੀਂ ਕਿਸੇ ਨੂੰ ਡਰਾਉਂਦੇ ਹਾਂ, ਅਸੀਂ ਅਹੰਕਾਰ ਦੇ ਗੁਲਾਮ ਹਾਂ। ਇਹ ਦੋਵੇਂ ਹਾਲਤਾਂ ਵਿਚ ਮਨੁੱਖੀ ਆਤਮਾ ਅਸਲੀ ਆਜ਼ਾਦੀ ਹਾਸਲ ਨਹੀਂ ਕਰ ਸਕਦੀ। ਅੱਜ ਦੇ ਸਮਾਜ ਵਿਚ, ਜਿੱਥੇ ਡਰ, ਹਿੰਸਾ ਅਤੇ ਸੱਤਾ ਦਾ ਦਬਾਅ ਹਰ ਪਾਸੇ ਹੈ, ਇਹ ਗੁਰੂ ਬਾਣੀ ਸਾਨੂੰ ਸਿਖਾਉਂਦੀ ਹੈ ਕਿ ਅਸਲੀ ਧਰਮ ਅਤੇ ਗਿਆਨ ਦਾ ਮਤਲਬ ਹੈ: ਨਿਰਭਉ ਹੋ ਕੇ ਸੱਚ ਦੇ ਪੱਖ ਵਿਚ ਖੜ੍ਹਾ ਰਹਿਣਾ, ਤੇ ਨਾਲ ਹੀ ਕਿਸੇ ਹੋਰ ਜੀਵ ਨੂੰ ਡਰਾਉਣ ਜਾਂ ਦੁੱਖ ਪਹੁੰਚਾਉਣ ਤੋਂ ਬਚਣਾ।

ਗੁਰੂ ਤੇਗ ਬਹਾਦੁਰ ਜੀ ਦੀ ਕੁਰਬਾਨੀ ਇਸੇ ਸਿਧਾਂਤ ਦੀ ਪੁਸ਼ਟੀ ਦਾ ਪ੍ਰਤੀਕ ਹੈ। ਉਨ੍ਹਾਂ ਦੀ ਇਹ ਕੁਰਬਾਨੀ ਸਿਰਫ਼ ਧਾਰਮਿਕ ਆਜ਼ਾਦੀ ਲਈ ਨਹੀਂ ਸੀ, ਸਗੋਂ ਮਨੁੱਖਤਾ ਦੇ ਮੂਲ ਸਿਧਾਂਤਾਂ: ਸੁਤੰਤਰ ਵਿਚਾਰ, ਧਾਰਮਿਕ ਅਧਿਕਾਰ ਅਤੇ ਅੰਤਰਾਤਮਾ ਦੀ ਆਜ਼ਾਦੀ, ਦੀ ਰੱਖਿਆ ਲਈ ਸੀ। ਉਹ ਇਸ ਧਰਤੀ ਦੇ ਪਹਿਲੇ ਸ਼ਹੀਦ ਹਨ ਜਿਨ੍ਹਾਂ ਨੇ ਆਪਣੇ ਧਰਮ ਲਈ ਨਹੀਂ, ਪਰ ਦੂਜੇ ਦੇ ਧਰਮ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ।

### ਸਰਬੱਤ ਦਾ ਭਲਾ — ਸਮਾਨਤਾ ਦੀ ਸਿੱਖਿਆ

ਗੁਰੂ ਜੀ ਦੀ ਬਾਣੀ ਮਨੁੱਖੀ ਏਕਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਸਿਖਾਇਆ ਕਿ ਰੱਬ ਇੱਕ ਹੈ, ਪਰ ਮਨੁੱਖ ਨੇ ਉਸ ਨੂੰ ਧਰਮਾਂ ਅਤੇ ਜਾਤਾਂ ਵਿੱਚ ਵੰਡ ਦਿੱਤਾ ਹੈ। ਉਹ ਫੁਰਮਾਉਂਦੇ ਹਨ: **ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥** (ਮ. 9, ਪੰਨਾ 1427)

ਇਹ ਬਾਣੀ ਦਾ ਕੇਂਦਰੀ ਸੁਨੇਹਾ ਹੈ: ਰੱਬ ਕਿਸੇ ਇਕ ਥਾਂ, ਮੰਦਰ, ਮਸਜਿਦ ਜਾਂ ਧਰਮ ਤਕ ਸੀਮਤ ਨਹੀਂ। ਉਹ ਤਾਂ ਹਰ ਘਟ (ਸਰੀਰ), ਹਰ ਪ੍ਰਾਣੀ, ਹਰ ਅੰਸ਼ ਵਿਚ ਵੱਸਦਾ ਹੈ। ਇਹ ਵਿਚਾਰ ਮਨੁੱਖ ਨੂੰ ਸਿਖਾਉਂਦੀ ਹੈ ਕਿ ਜਦ ਰੱਬ ਸਭ ਅੰਦਰ ਵੱਸਦਾ ਹੈ, ਤਾਂ ਕਿਸੇ ਨਾਲ ਘ੍ਰਿਣਾ ਕਰਨਾ, ਕਿਸੇ ਨੂੰ ਦੁੱਖ ਦੇਣਾ: ਰੱਬ ਨਾਲ ਵਿਸਾਹਘਾਤ ਕਰਨ ਦੇ ਬਰਾਬਰ ਹੈ। ਇਸ ਤਰ੍ਹਾਂ ਇਸ ਸ਼ਲੋਕ ਵਿੱਚ ਗੁਰੂ ਜੀ ਨੇ ਮਨੁੱਖਤਾ ਦੇ ਸਮਾਨਤਾ ਦਾ ਸਦਾ-ਥਿਰ ਸੰਦੇਸ਼ ਦਿੱਤਾ। ਜਿਹੜਾ ਮਨੁੱਖ ਸੱਚਾ ਹੈ, ਉਹ ਰੱਬ ਦੇ ਨੇੜੇ ਹੈ, ਚਾਹੇ ਉਸ ਦਾ ਧਰਮ ਜਾਂ ਜਾਤ ਜੋ ਮਰਜ਼ੀ ਹੋਵੇ।

### ਸ਼ਹੀਦੀ — ਮਨੁੱਖਤਾ ਦੀ ਸੁਰੱਖਿਆ ਦਾ ਸੁਨੇਹਾ

ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਵਿੱਚ ਧਰਮ ਪਰਿਵਰਤਨ ਕਰਨ ਲਈ ਮਜਬੂਰ ਕੀਤਾ, ਕਸ਼ਮੀਰੀ ਪੰਡਿਤਾਂ ਨੇ ਗੁਰੂ ਤੇਗ ਬਹਾਦਰ ਜੀ ਕੋਲ ਆ ਕੇ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੀ ਰੱਖਿਆ ਕਰਨ। ਗੁਰੂ ਜੀ ਨੇ ਇਹ ਫੁਰਮਾਇਆ ਕਿ ਜੇ ਕੋਈ ਧਰਮ ਦਾ ਮਹਾਨ ਆਗੂ ਆਪਣੀ ਜਾਨ ਕੁਰਬਾਨ ਕਰੇ, ਤਾਂ ਲੱਖਾਂ ਲੋਕਾਂ ਦੀ ਆਜ਼ਾਦੀ ਬਚ ਸਕਦੀ ਹੈ।

11 ਨਵੰਬਰ 1675 ਨੂੰ ਗੁਰੂ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹੀਦ ਕਰ ਦਿੱਤਾ ਗਿਆ। ਬੇਸ਼ਕ ਉਨ੍ਹਾਂ ਦਾ ਸਿਰ ਕੱਟਿਆ ਗਿਆ, ਪਰ ਉਨ੍ਹਾ ਆਪਣਾ ਸਿਰ ਝੁਕਾਇਆ ਨਹੀਂ। ਉਨ੍ਹਾਂ ਦੀ ਸ਼ਹੀਦੀ ਨਾਲ ਦੇਸ਼ ਭਰ ਵਿੱਚ ਮਨੁੱਖੀ ਹੱਕਾਂ ਦੀ ਰਾਖੀ ਲਈ ਜਾਗਰਤੀ ਦੀ ਨਵੀਂ ਲਹਿਰ ਜਾਗ ਪਈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦੀ ਯਾਦ ਵਿੱਚ ਫੁਰਮਾਇਆ: "ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂ ਮਹਿ ਸਾਕਾ। (ਬਚਿੱਤਰ ਨਾਟਕ)"

ਬਾਕੀ ਅਗਲੇ ਪਰਚੇ ਵਿਚ

# HERITAGE

## Sunmeet Singh Gill Becomes First Sikh to Compete in Mr. Olympia




Sunmeet Singh Gill has made history as the first Sikh to compete in the world's most prestigious bodybuilding competition — Mr. Olympia. In June 2025, Gill secured his spot by winning the Classic Physique division at the Sheru Classic Bharat Pro Show, earning his IFBB Pro Card. Originally from Sirsa, Haryana, Gill's rise from a small-town athlete to the global Olympia stage in Las Vegas is a story of grit, discipline, and faith. For over a decade, he has dedicated himself to bodybuilding, blending physical excellence with unwavering devotion to his Sikh identity. By proudly wearing his turban on the world stage, Gill has shattered stereotypes and inspired countless young Sikhs and Indians to pursue their dreams without compromising their faith. His achievement stands as a powerful reminder that identity and ambition can go hand in hand — and together, they make history.

## US Lawmaker Urges Pentagon To Reconsider Beard Ban



A new U.S. military grooming policy mandating beard shaving has sparked debate over religious freedom, particularly among Sikh, Muslim, and African American service members. Congressman Thomas R. Suozzi has urged the Pentagon to reconsider the rule, calling it unfair to those whose faith requires uncut hair or beards. In a letter to Secretary of War Pete Hegseth, Suozzi emphasized that Sikhs have long served in the U.S. military and that faith-based accommodations are essential to uphold diversity and inclusion. For Sikhs, keeping uncut hair is sacred, and for Muslims, maintaining a beard is a core religious practice. Suozzi warned that a strict ban could discourage motivated Americans from joining the armed forces, arguing that professionalism and religious accommodation can coexist.

## ਕੈਨੇਡੀਅਨਜ਼ ਨੂੰ ਭਾਰਤ ਜਾਣ ਲੱਗਿਆਂ ਦੇਣੀ ਪਵੇਗੀ ਯਾਤਰਾ ਸਬੰਧੀ ਜਾਣਕਾਰੀ!



ਟੋਰਾਂਟੋ ਵਿੱਚ ਭਾਰਤੀ ਕੌਂਸਲੇਟ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਿਕ ਭਾਰਤ ਜਾਣ ਵਾਲੇ ਕੈਨੇਡੀਅਨਜ਼ ਹੁਣ ਭਾਰਤ ਯਾਤਰਾ ਤੋਂ 72 ਘੰਟੇ ਪਹਿਲਾਂ ਔਨਲਾਈਨ ਤਰੀਕੇ ਨਾਲ ਆਪਣੀ ਯਾਤਰਾ ਬਾਰੇ ਜਾਣਕਾਰੀ ਦੇ ਸਕਦੇ ਹਨ। ਇਕ ਅਕਤੂਬਰ ਤੋਂ ਭਾਰਤ ਨੇ ਵਿਦੇਸ਼ੀ ਯਾਤਰੀਆਂ ਲਈ ਈ-ਅਰਾਈਵਲ ਕਾਰਡ ਸ਼ੁਰੂ ਕੀਤਾ ਹੈ। ਭਾਰਤ ਦੀ ਯਾਤਰਾ ਕਰਨ ਵਾਲੇ ਕੈਨੇਡੀਅਨਜ਼ ਅਤੇ ਓਸੀਆਈ ਹੋਲਡਰਜ਼ ਨੂੰ ਈ-ਅਰਾਈਵਲ ਕਾਰਡ ਭਰਨਾ ਲਾਜ਼ਮੀ ਹੈ। ਇਹ ਜਾਣਕਾਰੀ ਯਾਤਰਾ ਤੋਂ 72 ਘੰਟੇ ਪਹਿਲਾਂ ਇੰਡੀਅਨ ਵੀਜ਼ਾ ਵੈੱਬਸਾਈਟ ਉੱਪਰ ਜਾ ਕੇ ਜਾਂ ਫਿਰ ਸਵਾਗਤਮ ਐਪ ਰਾਹੀਂ ਦਿੱਤੀ ਜਾ ਸਕਦੀ ਹੈ। ਇਸ ਵਿੱਚ ਬਿਨੈਕਾਰ ਨੂੰ ਯਾਤਰਾ ਦਾ ਕਾਰਨ ਅਤੇ ਤਰੀਕ ਸਾਂਝੀ ਕਰਨ ਤੋਂ ਇਲਾਵਾ ਭਾਰਤ ਵਿੱਚ ਆਪਣੇ ਪਤੇ, ਫ਼ੋਨ ਅਤੇ ਈ-ਮੇਲ ਆਦਿ ਬਾਰੇ ਜਾਣਕਾਰੀ ਦੇਣੀ ਪੈਂਦੀ ਹੈ। ਪਹਿਲਾਂ ਔਨਲਾਈਨ ਜਾਣਕਾਰੀ ਨਾ ਦਿੱਤੇ ਹੋਣ ਦੀ ਸੂਰਤ ਵਿੱਚ ਭਾਰਤ ਪਹੁੰਚ ਕੇ ਵੀ ਯਾਤਰੀ ਇਹ ਜਾਣਕਾਰੀ ਸਾਂਝੀ ਕਰ ਸਕਦੇ ਹਨ ਪਰ ਇਹ ਵਿਕਲਪ ਅਗਲੇ 6 ਮਹੀਨੇ ਤੱਕ ਜਾਂ ਅਗਲੀਆਂ ਹਦਾਇਤਾਂ ਤੱਕ ਜਾਰੀ ਰਹੇਗਾ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **Who bestowed the title of "Guru" upon Sri Guru Granth Sahib Ji, thereby establishing it as the eternal spiritual guide for all humanity?**

a) Guru Arjan Sahib Ji b) Guru Har Krishan Ji
c) Guru Gobind Singh Ji d) Guru Tegh Bahadur Ji

2. **Guru Granth Sahib Ji is revered as the eternal Guru because it:**

a) Contains the divine wisdom revealed through the Ten Gurus
b) Includes spiritual hymns promoting universal love and equality
c) Guides all humanity beyond the limits of religion or culture
d) All of the above

3. **The sacred Bani of Guru Tegh Bahadur Ji was included in the Guru Granth Sahib Ji by:**

a) Guru Nanak Ji b) Guru Arjan Ji
c) Guru Gobind Singh Ji d) Bhai Mani Singh Ji

4. **The inclusion of hymns by Hindu and Muslim saints in Guru Granth Sahib Ji demonstrates:**

a) The Guru's respect for all paths of truth
b) The universal nature of divine wisdom
c) The rejection of religious exclusivity
d) All of the above

(ਦੇਖੋ ਉੱਤਰ ਪੰਨਾ 4 'ਤੇ)

# 'ਆਓ ਬਣੀਏ ਗੁਰਸਿੱਖ ਪਿਆਰਾ' ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਸੈਮੀਨਾਰ ਕਰਵਾਇਆ



ਗੁਰੂ ਤੇਗ਼ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਨੂੰ ਸਮਰਪਤ ਕਰਵਾਏ ਗਏ ਸੈਮੀਨਾਰ ਵਿਚ ਬੁਲਾਰਿਆਂ ਨੇ ਗੁਰੂ ਸਾਹਿਬ ਦੀ ਬਾਣੀ ਨੂੰ ਪੜ੍ਹਨ, ਉਨ੍ਹਾਂ ਦੀ ਵਿਲੱਖਣ ਸ਼ਹੀਦੀ ਤੋਂ ਸੇਧ ਲੈਣ ਅਤੇ ਬੱਚਿਆਂ ਨੂੰ ਉਨ੍ਹਾਂ ਦਾ ਪ੍ਰਮਾਣਕ ਇਤਿਹਾਸ ਪੜ੍ਹਨ ਦੀ ਤਾਕੀਦ ਕੀਤੀ। ਇਥੋਂ ਦੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਸੀ-ਬਲਾਕ, ਹਰੀ ਨਗਰ ਵਿਖੇ 'ਆਓ ਬਣੀਏ ਗੁਰਸਿੱਖ ਪਿਆਰਾ', ਗੁਰਮਤਿ ਕੁਇਜ਼ ਦੀ ਟੀਮ ਵਲੋਂ ਗੁਰਦਵਾਰਾ ਕਮੇਟੀ ਦੇ ਸਹਿਯੋਗ ਨਾਲ ਬੀਤੇ ਦਿਨੀਂ ਕਰਵਾਏ ਗਏ ਸੈਮੀਨਾਰ ਮੌਕੇ ਸ਼ਾਮਲ ਹੋਏ ਸਿੱਖ ਮਿਸ਼ਨਰੀ ਕਾਲਜ ਦੇ ਲੀਗਲ ਡਾਇਰੈਕਟਰ ਤਜਿੰਦਰ ਸਿੰਘ ਨੇ ਕਿਹਾ, "ਔਰੰਗਜ਼ੇਬ ਨੇ ਸਿੱਖਾਂ ਨੂੰ ਚੁਨੌਤੀ ਦਿੱਤੀ ਸੀ ਕਿ ਉਹ ਗੁਰੂ ਤੇਗ਼ ਬਹਾਦਰ ਜੀ ਦੇ ਸਰੀਰ ਦੇ ਟੁਕੜੇ ਕਰ ਕੇ, ਦਿੱਲੀ ਦੇ ਦਰਵਾਜ਼ਿਆਂ 'ਤੇ ਟੰਗ ਕੇ ਸਿੱਖਾਂ ਵਿਚ ਦਹਿਸ਼ਤ ਪੈਦਾ ਕਰੇਗਾ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਮੁਤਾਬਕ ਸਿੱਖ ਨੌਜਵਾਨਾਂ (ਜਿਨ੍ਹਾਂ ਵਿਚ ਭਾਈ ਜੈਤਾ ਜੀ, ਭਾਈ ਊਦਾ ਜੀ, ਭਾਈ ਲੱਖੀਸ਼ਾਹ ਵਣਜਾਰਾ ਤੇ ਹੋਰ ਗੁਰਸਿੱਖ ਸ਼ਾਮਲ ਸਨ) ਨੇ ਇਕ ਰਣਨੀਤੀ ਅਧੀਨ ਮੁਸਲਮਾਨੀ ਭੇਸ ਵਿਚ ਤੂਫ਼ਾਨ ਵਾਂਗ ਸੀਸ ਸੁਰੱਖਿਅਤ ਅਨੰਦਪੁਰ ਸਾਹਿਬ ਪਹੁੰਚਾਇਆ। ਸੈਮੀਨਾਰ ਦੀ ਸ਼ੁਰੂਆਤ ਸੰਤ ਸਿਪਾਹੀ ਸੇਵਕ ਜੱਥੇ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਨਾਲ ਕੀਤੀ।



ਅਪਣੇ ਸੰਬੋਧਨ ਦੌਰਾਨ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਟੱਕਰ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਦੇ ਉਪਦੇਸ਼ਾਂ 'ਤੇ ਤੁਰਨ ਦਾ ਯਤਨ ਕਰੀਏ। ਵਿਦੇਸ਼ ਤੋਂ 'ਆਓ ਬਣੀਏ ਗੁਰਸਿੱਖ ਪਿਆਰਾ' ਦੇ ਡਾਇਰੈਕਟਰ ਡਾ. ਹਰਜਿੰਦਰ ਸਿੰਘ ਨੇ ਮੁੱਖ ਭਾਸ਼ਣ ਵਿਚ, 'ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ: ਅੰਤਰ ਆਤਮਾ ਦੀ ਆਜ਼ਾਦੀ ਲਈ' ਵਿਸ਼ੇ 'ਤੇ ਵੀਡੀਓ ਸੁਨੇਹੇ ਰਾਹੀਂ ਸਾਂਝ ਪਾਈ। ਪੰਜਾਬੀ ਅੱਖਰਕਾਰੀ ਦੀ ਮਾਹਰ ਪਰਮਦੀਪ ਕੌਰ ਨੇ ਕਿਹਾ, "ਗੁਰੂ ਸਾਹਿਬ ਨੇ ਅਪਣੀ ਸ਼ਹਾਦਤ ਨਾਲ ਮਨੁੱਖਤਾ, ਧਰਮ ਤੇ ਸੱਚ ਲਈ ਅਡੋਲ ਖੜੇ ਰਹਿਣ ਦਾ ਸਬਕ ਦਿਤਾ।" ਸਿੱਖ ਮਿਸ਼ਨਰੀ ਕਾਲਜ, ਦਿੱਲੀ ਦੇ ਮੁੱਖ ਸੇਵਾਦਾਰ ਕੁਲਵੰਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਹਿੰਦ ਦੀ ਨਹੀਂ, ਸਗੋਂ ਮਨੁੱਖਤਾ ਦੀ ਚਾਦਰ ਸਨ, ਉਨ੍ਹਾਂ ਅਨਿਆਂ ਲਈ ਸ਼ਹੀਦੀ ਦਿੱਤੀ ਸੀ। ਇਸ ਮੌਕੇ ਬੀਬੀ ਸਰੋਜ ਕੌਰ, ਅਮਰਜੀਤ ਕੌਰ, ਗਗਨਦੀਪ ਕੌਰ, ਮਮਤਾ ਕੌਰ, ਡਾ. ਦਵਿੰਦਰ ਸਿੰਘ, ਮੋਹਿੰਦਰ ਸਿੰਘ ਤੇ ਹੋਰਨਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਗੁਰਮੀਤ ਸਿੰਘ ਗਰਚਾ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ। ਪ੍ਰਭਨੀਤ ਕੌਰ, ਹਰਪ੍ਰੀਤ ਸਿੰਘ ਅਤੇ ਤਰਨਪ੍ਰੀਤ ਸਿੰਘ ਨੇ ਸਟੇਜ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਬੱਚਿਆਂ ਤੋਂ ਗੁਰੂ ਸਾਹਿਬ ਬਾਰੇ ਸਵਾਲ ਜਵਾਬ ਵੀ ਪੁੱਛੇ ਗਏ।

## SIKH MATRIMONIALS

Looking for a Gursikh boy for Khatri girl F-91--5-3" working in NYPD as Attorney. Well qualified and settled gursikh boy from USA or Canada preferred +91 8750888333

Suitable match for gursikh boy, July 98 born/5'10", Working as a manager since 2022, Graduate in Marketing management from KPU - 9953223721

Suitable match for M- 91-5-7" Gursikh Khatri boy,well qualified and working in London (Facebook) V High Package +91 8860484847

Gursikh Boy 26/5'6"/Diploma holder in Mechanical Engineering from Algonquin College, Canada working with Alstom Transport/ Own Condo in Ottawa. PR/ Elder brother married settled in Canada/ Father Govt Contractor MES, Contact +91 9911101350

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. D 3. C 4. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555